## ਪੰਜਾਬ ਐਜੂਸੈਟ ਸੁਸਾਇਟੀ

ਈ.ਐਂਡ.ਐਫ ਬਲਾਕ, ਟੈਕਸਟ ਬੁੱਕ ਸੈਲ, ਵਿੱਦਿਆ ਭਵਨ,
ਪਹਿਲੀ ਮੰਜ਼ਿਲ, ਪੀ.ਐਸ.ਈ.ਬੀ.ਕੈਂਪਸ, ਫੇਜ਼-8, ਅਜੀਤਗੜ੍ਹ।
ਫੋਨ ਨੰ. 0172- 2231800, 2215701 ਈ-ਮੇਲ: edusat.punjab@gmail.com

ਵੱਲ,

1. ਸਮੂਹ ਸਰਕਲ ਸਿੱਖਿਆ ਅਫਸਰ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।
3. ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਪੰਜਾਬ।
4. ਸਮੂਹ ਸਕੂਲਾਂ ਦੇ ਮੁੱਖੀ (ਵੈਬਸਾਈਟ ਰਾਹੀਂ)।

ਮੀਮੋ ਨੰ.: 24/40/2008/ਪੀ.ਈ.ਐਸ/ਸਪੈਸ਼ਲ ਪ੍ਰੋਗਰਾਮ/ 7072-75
ਮਿਤੀ: 27 ਜਨਵਰੀ, 2014.

**ਵਿਸ਼ਾ:** ਐਜੂਸੈਟ ਦੁਆਰਾ "**Safe School Vahan Scheme**" ਸਬੰਧੀ ਪ੍ਰਾਈਵੇਟ ਸਕੂਲਾਂ ਸਬੰਧੀ ਵਿਸ਼ੇਸ਼ ਪ੍ਰੋਗਰਾਮ।
**ਹਵਾਲਾ:** ਇਸ ਦਫਤਰ ਦੇ ਮੀਮੋ ਨੰ. 24/40/2008/ਪੀ.ਈ.ਐਸ/ਸਪੈਸ਼ਲ ਪ੍ਰੋਗਰਾਮ/7071-74, ਮਿਤੀ 21.01.2014.

ਹਵਾਲਾ ਅਧੀਨ ਪੱਤਰ ਰਾਹੀਂ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸੂਚਿਤ ਕੀਤਾ ਗਿਆ ਸੀ ਕਿ ਪ੍ਰਾਈਵੇਟ ਸਕੂਲਾਂ ਦੇ ਮੁੱਖੀਆਂ ਨੂੰ "Safe School Vahan Scheme" ਸਬੰਧੀ ਐਜੂਸੈਟ ਰਾਹੀਂ 30.01.2014 ਅਤੇ 31.01.2014 ਨੂੰ ਟ੍ਰੇਨਿੰਗ ਦਿੱਤੀ ਜਾਵੇਗੀ। ਇਹ ਟ੍ਰੇਨਿੰਗ ਸਕੂਲਾਂ ਦੇ ਚਾਲੂ ਐਜੂਸੈਟ ਰੂਮ ਵਿੱਚ ਉਪਲਭਧ ਹੋਵੇਗੀ।

ਹੁਣ ਇਹ ਬੇਨਤੀ ਕੀਤੀ ਜਾਂਦੀ ਹੈ ਕਿ *ਸਕੂਲ ਮੁੱਖੀ, ਇੱਕ ਅਧਿਆਪਕ, ਇੱਕ ਵਿਦਿਆਰਥੀ ਦੇ ਨਾਲ-ਨਾਲ ਬੱਸ/ਵੈਨ ਡਰਾਈਵਰ* ਨੂੰ ਵੀ ਇਹ ਟ੍ਰੇਨਿੰਗ ਦਿੱਤੀ ਜਾਵੇਗੀ।

ਜਿਹੜੇ ਜਿਲਿਆਂ ਵਿੱਚ ਪ੍ਰਾਈਵੇਟ ਸਕੂਲਾਂ ਦੀ ਗਿਣਤੀ ਜਿਆਦਾ ਹੈ ਉਹ ਮਿਤੀ 31.01.214 ਨੂੰ ਵੀ ਇਸ ਦਾ ਰਿਪੀਟ ਟੈਲੀਕਾਸਟ ਉਸੇ ਹੀ ਸਮੇਂ ਤੇ ਦੇਖ ਸਕਦੇ ਹਨ। ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹੋਵੇਗਾ।

| | | |
|---|---|---|
| *ਮਿਤੀ* | : | *30.01.2014 ਅਤੇ 31.01.2014* |
| *ਸਮਾ* | : | *ਸਵੇਰੇ 10:00 ਤੋਂ 10:40 ਵਜੇ ਤੱਕ* |
| *ਜਿਥੇ ਪ੍ਰੋਗਰਾਮ ਅਟੈਂਡ ਕਰਨਾ ਹੈ:* | | *ਨੇੜੇ ਦੇ ਸਰਕਾਰੀ ਸਕੂਲ ਦਾ ਆਰ.ਓ.ਟੀ ਜਾਂ ਐਸ.ਆਈ.ਟੀ (ਜਿਸ ਸਬੰਧੀ ਜਿਲ੍ਹਾ ਐਜੂਸੈਟ ਕੋਆਰਡੀਨੇਟਰ ਵੱਲੋਂ ਪ੍ਰਾਈਵੇਟ ਸਕੂਲਾਂ ਨੂੰ ਯੋਜਨਾਬੰਦੀ ਕਰਕੇ ਸੂਚਿਤ ਕੀਤਾ ਜਾਵੇਗਾ) ਤਾਂ ਜੋ ਕਿਸੇ ਐਜੂਸੈਟ ਕਮਰੇ ਵਿੱਚ 30 ਤੋਂ ਵੱਧ ਇੱਕਠ ਨਾ ਹੋ ਜਾਵੇ।* |

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਵਾ:ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ

ਪਿੱਠਅੰਕਣ ਨੰ.: 24/40/2008/ਪੀ.ਈ.ਐਸ/ਸਪੈਸ਼ਲ ਪ੍ਰੋਗਰਾਮ/7076 ਮਿਤੀ: 27.01.2014

ਉਪਰੋਕਤ ਦਾ ਉਤਾਰਾ ਡੀ.ਐਮ.(ਐਮ.ਆਈ.ਐਸ) ਨੂੰ ਪੱਤਰ ਵੈਬਸਾਈਟ ਤੇ ਤੁਰੰਤ ਉਪਲਭਧ ਕਰਵਾਉਣ ਲਈ ਭੇਜੀਆਂ ਜਾਂਦਾ ਹੈ।

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਵਾ:ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ